ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਬ੍ਰਾਹਮਣ ਹੁਣ ਬਹੁਤ ਉੱਚੀ ਯਾਤਰਾ ਤੇ ਜਾ ਰਹੇ ਹੋ, ਇਸਲਈ ਤੁਹਾਨੂੰ ਡਬਲ ਇੰਜਣ ਮਿਲਿਆ ਹੈ, ਦੋ ਬੇਹੱਦ ਦੇ ਬਾਪ ਹਨ ਤਾਂ ਮਾਂ ਵੀ ਹੈ"

ਪ੍ਰਸ਼ਨ:- ਸੰਗਮਯੁਗ ਤੇ ਕਿਹੜਾ ਟਾਇਟਲ ਤੁਸੀਂ ਬੱਚੇ ਆਪਣੇ ਤੇ ਨਹੀਂ ਰਖਵਾ ਸਕਦੇ?

ਉੱਤਰ:- ਹਿਜ਼ ਹੋਲੀ ਜਾਂ ਹਰ ਹੋਲੀਨੇਸ ਦਾ ਟਾਇਟਲ ਤੁਸੀਂ ਬੀ. ਕੇ. ਆਪਣੇ ਤੇ ਨਹੀਂ ਰਖਵਾ ਸਕਦੇ। ਜਾਂ ਲਿਖ ਸਕਦੇ ਕਿਉਂਕਿ ਤੁਹਾਡੀ ਆਤਮਾ ਭਾਵੇਂ ਪਵਿੱਤ੍ਰ ਬਣ ਰਹੀ ਹੈ ਲੇਕਿਨ ਸ਼ਰੀਰ ਤਾਂ ਤਮੋਪ੍ਰਧਾਨ ਤੱਤਵਾਂ ਨਾਲ ਬਣੇ ਹੋਏ ਹਨ। ਇਹ ਵਡਿਆਈ ਹਾਲੇ ਤੁਸੀਂ ਨਹੀਂ ਲੈਣੀ ਹੈ। ਤੁਸੀਂ ਹਾਲੇ ਪੁਰਸ਼ਾਰਥੀ ਹੋ।

ਗੀਤ:- ਇਹ ਕਹਾਣੀ ਹੈ ਦੀਏ ਦੀ ਅਤੇ ਤੂਫ਼ਾਨ ਦੀ...

ਓਮ ਸ਼ਾਂਤੀ। ਬੇਹੱਦ ਦਾ ਬਾਪ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ। ਇਹ ਤਾਂ ਬੱਚੇ ਸਮਝ ਗਏ ਹਨ ਕਿ ਬੇਹੱਦ ਦੇ ਦੋ ਬਾਪ ਹਨ ਤਾਂ ਮਾਂ ਵੀ ਜਰੂਰ ਦੋ ਹੋਣਗੀਆਂ। ਇੱਕ ਜਗਦੰਬਾ, ਦੂਜੀ ਬ੍ਰਹਮਾ ਵੀ ਮਾਤਾ ਠਹਿਰੀ। ਦੋਵੇਂ ਬੈਠ ਸਮਝਾਉਂਦੇ ਹਨ ਤਾਂ ਤੁਹਾਨੂੰ ਜਿਵੇਂ ਡਬਲ ਇੰਜਣ ਮਿਲ ਗਈ। ਪਹਾੜੀ ਤੇ ਜਦੋਂ ਗੱਡੀ ਜਾਂਦੀ ਹੈ ਤਾਂ ਡਬਲ ਇੰਜਣ ਲਗਾਉਂਦੇ ਹਨ! ਹੁਣ ਤੁਸੀਂ ਬ੍ਰਾਹਮਣ ਵੀ ਉੱਚੀ ਯਾਤਰਾ ਤੇ ਜਾ ਰਹੇ ਹੋ। ਤੁਸੀਂ ਜਾਣਦੇ ਹੋ ਹਾਲੇ ਘੋਰ ਹਨੇਰਾ ਹੈ। ਜਦੋਂ ਅੰਤ ਦਾ ਸਮਾਂ ਆਉਂਦਾ ਹੈ, ਤਾਂ ਬਹੁਤ ਹਾਹਾਕਾਰ ਹੁੰਦਾ ਹੈ। ਦੁਨੀਆ ਬਦਲਦੀ ਹੈ ਤਾਂ ਇਵੇਂ ਹੁੰਦਾ ਹੈ। ਜਦੋਂ ਰਾਜਾਈ ਬਦਲੀ ਹੁੰਦੀ ਹੈ ਤਾਂ ਵੀ ਲੜਾਈ ਮਾਰਾਮਾਰੀ ਹੁੰਦੀ ਹੈ। ਬੱਚੇ ਜਾਣਦੇ ਹਨ ਕਿ ਹੁਣ ਨਵੀਂ ਰਾਜਧਾਨੀ ਸਥਾਪਨ ਹੋ ਰਹੀ ਹੈ। ਘੋਰ ਹਨ੍ਹੇਰੇ ਤੋਂ ਫਿਰ ਘੋਰ ਸੋਝਰਾ ਹੋ ਰਿਹਾ ਹੈ। ਤੁਸੀਂ ਇਸ ਸਾਰੇ ਚਕ੍ਰ ਦੀ ਹਿਸਟ੍ਰੀ ਜੋਗ੍ਰਾਫੀ ਨੂੰ ਜਾਣਦੇ ਹੋ ਤਾਂ ਤੁਸੀਂ ਫਿਰ ਹੋਰਾਂ ਨੂੰ ਵੀ ਸਮਝਾਉਣਾ ਹੈ। ਬਹੁਤ ਮਾਤਾਵਾਂ ਅਤੇ ਬੱਚੀਆਂ ਹਨ ਜੋ ਸਕੂਲ ਵਿੱਚ ਪੜ੍ਹਾਉਂਦੀਆਂ ਹਨ ਉਹ ਵੀ ਬੱਚਿਆਂ ਨੂੰ ਬੈਠ ਜੇਕਰ ਬੇਹੱਦ ਦੀ ਹਿਸਟ੍ਰੀ - ਜੋਗ੍ਰਾਫੀ ਸਮਝਾਉਣ ਤਾਂ ਇਸ ਵਿੱਚ ਕੋਈ ਗੌਰਮਿੰਟ ਨਾਰਾਜ ਨਹੀਂ ਹੋਵੇਗੀ। ਉਨ੍ਹਾਂ ਦੇ ਵੱਡਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ ਤਾਂ ਹੋਰ ਵੀ ਖੁਸ਼ ਹੋਣਗੇ ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਜਦ ਤੱਕ ਇਸ ਬੇਹੱਦ ਦੀ ਹਿਸਟ੍ਰੀ - ਜੋਗ੍ਰਾਫੀ ਨੂੰ ਨਹੀਂ ਸਮਝਿਆ ਹੈ ਉਦੋਂ ਤੱਕ ਬੱਚਿਆਂ ਦਾ ਕਲਿਆਣ ਨਹੀਂ ਹੋ ਸਕਦਾ। ਦੁਨੀਆ ਵਿਚ ਜੈ - ਜੈਕਾਰ ਨਹੀਂ ਹੋ ਸਕਦੀ। ਬੱਚਿਆਂ ਨੂੰ ਸਰਵਿਸ ਕਰਨ ਦਾ ਇਸ਼ਾਰਾ ਦਿੱਤਾ ਜਾਂਦਾ ਹੈ। ਟੀਚਰ ਹੈ ਤਾਂ ਆਪਣੇ ਕਾਲੇਜ ਵਿੱਚ ਇਹ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਬੈਠ ਸਮਝਾਉਣ ਤਾਂ ਬੱਚੇ ਤ੍ਰਿਕਾਲਦ੍ਰਸ਼ੀ ਬਣ ਸਕਦੇ ਹਨ। ਅਤੇ ਤ੍ਰਿਕਾਲਦ੍ਰਸ਼ੀ ਬਣਨ ਨਾਲ ਚਕ੍ਰਵਰਤੀ ਵੀ ਬਣ ਸਕਦੇ ਹਨ। ਜਿਵੇਂ ਬਾਪ ਨੇ ਤੁਹਾਨੂੰ ਤ੍ਰਿਕਾਲਦ੍ਰਸ਼ੀ, ਸਵਦਰਸ਼ਨ ਚਕ੍ਰਧਾਰੀ ਬਣਾਇਆ ਹੈ ਤਾਂ ਤੁਹਾਨੂੰ ਫਿਰ ਹੋਰਾਂ ਨੂੰ ਆਪ ਸਮਾਨ ਬਨਾਉਣਾ ਹੈ, ਹੋਰਾਂ ਨੂੰ ਸਮਝਾਉਣਾ ਹੈ ਕਿ ਹੁਣ ਇਹ ਪੁਰਾਣੀ ਦੁਨੀਆ ਬਦਲ ਰਹੀ ਹੈ। ਤਮੋਪ੍ਰਧਾਨ ਦੁਨੀਆ ਬਦਲ ਸਤੋਪ੍ਰਧਾਨ ਬਣ ਰਹੀ ਹੈ। ਸਤੋਪ੍ਰਧਾਨ ਬਣਾਉਣ ਵਾਲਾ ਇੱਕ ਹੀ ਪਰਮਪਿਤਾ ਪਰਮਾਤਮਾ ਹੈ ਜੋ ਸਹਿਜ ਰਾਜਯੋਗ ਅਤੇ ਸਵਦਰਸ਼ਨ ਚਕ੍ਰ ਦਾ ਗਿਆਨ ਦਿੰਦੇ ਹਨ। ਚਕ੍ਰ ਨੂੰ ਸਮਝਾਉਣਾ ਤਾਂ ਬਹੁਤ ਸਹਿਜ ਹੈ। ਜੇਕਰ ਇਹ ਚਕ੍ਰ ਸਾਮ੍ਹਣੇ ਰੱਖਿਆ ਜਾਵੇ ਤਾਂ ਵੀ ਮਨੁੱਖ ਆਕੇ ਸਮਝ ਸਕਣ ਕਿ ਸਤਿਯੁਗ ਵਿੱਚ ਕੌਣ - ਕੌਣ ਰਾਜ ਕਰਦੇ ਸਨ। ਫਿਰ ਦਵਾਪਰ ਤੋਂ ਕਿਵੇਂ ਅਨੇਕ ਧਰਮਾਂ ਦੀ ਵਰੀਧੀ ਹੁੰਦੀ ਹੈ। ਅਜਿਹਾ ਚੰਗੀ ਤਰ੍ਹਾਂ ਸਮਝਾਇਆ ਜਾਵੇ ਤਾਂ ਬੁੱਧੀ ਦੇ ਕਪਾਟ ਜਰੂਰ ਖੁੱਲ੍ਹਣਗੇ। ਇਹ ਚਕ੍ਰ ਸਾਮ੍ਹਣੇ ਰੱਖ ਤੁਸੀਂ ਚੰਗੀ ਤਰ੍ਹਾਂ ਸਮਝਾ ਸਕਦੇ ਹੋ। ਟਾਪਿਕ ਵੀ ਰੱਖ ਸਕਦੇ ਹੋ। ਆਵੋ ਤਾਂ ਅਸੀਂ ਤੁਹਾਨੂੰ ਤ੍ਰਿਕਾਲਦ੍ਰਸ਼ੀ ਬਣਨ ਦਾ ਰਾਹ ਦੱਸੀਏ, ਜਿਸ ਨਾਲ ਤੁਸੀਂ ਰਾਜਿਆਂ ਦੇ ਰਾਜੇ ਬਣ ਸਕਦੇ ਹੋ। ਤੁਸੀਂ ਬ੍ਰਾਹਮਣ ਹੀ ਇਸ ਚਕ੍ਰ ਨੂੰ ਜਾਣਦੇ ਹੋ ਤਾਂ ਤੇ ਚਕ੍ਰਵਰਤੀ ਰਾਜੇ ਬਣਦੇ ਹੋ। ਲੇਕਿਨ ਬਣਨਗੇ ਉਹ ਜੋ ਇਸ ਚਕ੍ਰ ਨੂੰ ਬੁੱਧੀ ਵਿੱਚ ਫਿਰਾਉਂਦੇ ਰਹਿਣਗੇ। ਬਾਪ ਤਾਂ ਹੈ ਹੀ ਗਿਆਨ ਦਾ ਸਾਗਰ, ਉਹ ਬੈਠ ਬੱਚਿਆਂ ਨੂੰ ਸ੍ਰਿਸ਼ਟੀ ਦੇ ਆਦਿ, ਮਧ, ਅੰਤ ਦਾ ਗਿਆਨ ਸੁਣਾਉਂਦੇ ਹਨ। ਹੋਰ ਮਨੁੱਖ ਤਾਂ ਕੁਝ ਵੀ ਨਹੀਂ ਜਾਣਦੇ। ਈਸ਼ਵਰ ਨੂੰ ਸਰਵਵਿਆਪੀ ਕਹਿਣ ਨਾਲ ਗਿਆਨ ਦੀ ਗੱਲ ਹੀ ਨਹੀਂ ਉੱਠਦੀ। ਈਸ਼ਵਰ ਨੂੰ ਜਾਣਨ ਦਾ ਵੀ ਕੋਈ ਪੁਰਸ਼ਾਰਥ ਨਹੀਂ ਕਰ ਸਕਦੇ ਹਨ ਫਿਰ ਤਾਂ ਭਗਤੀ ਵੀ ਚੱਲ ਨਾ ਸਕੇ। ਪ੍ਰੰਤੂ ਜੋ ਕੁਝ ਕਹਿੰਦੇ ਹਨ ਉਹ ਕੁਝ ਸਮਝਦੇ ਨਹੀਂ। ਕੱਚੇ ਸਮਝਾ ਵੀ ਨਹੀਂ ਸਕਣਗੇ ਕਿ ਸਰਵਵਿਆਪੀ ਕਿਵੇਂ ਨਹੀਂ ਹੈ। ਕਿਸੇ ਇੱਕ ਨੇ ਕਹਿ ਦਿੱਤਾ ਬਸ ਸਭ ਨੇ ਮੰਨ ਲਿਆ। ਜਿਵੇਂ ਕਿਸੇ ਨੇ ਆਦਿ ਦੇਵ ਨੂੰ ਮਹਾਂਵੀਰ ਕਿਹਾ ਤਾਂ ਉਹ ਨਾਮ ਚਲਾ ਦਿੱਤਾ। ਜਿਸ ਨੇ ਜੋ ਨਾਮ ਬੇਸਮਝੀ ਨਾਲ ਰੱਖਿਆ ਉਹ ਚਲਿਆ ਆਉਂਦਾ ਹੈ। ਹੁਣ ਬਾਪ ਬੈਠ ਸਮਝਾਉਂਦੇ ਹਨ ਕਿ ਤੁਸੀਂ ਮਨੁੱਖ ਹੋਕੇ ਡਰਾਮੇ ਦੇ ਰਚਿਯਤਾ ਅਤੇ ਰਚਨਾ ਨੂੰ ਨਹੀਂ ਜਾਣਦੇ ਹੋ, ਦੇਵਤਿਆਂ ਦੀ ਪੂਜਾ ਕਰਦੇ ਹੋ ਲੇਕਿਨ ਉਨ੍ਹਾਂ ਦੀ ਬਾਯੋਗ੍ਰਾਫੀ ਨੂੰ ਨਹੀਂ ਜਾਣਦੇ ਹੋ ਤਾਂ ਉਸ ਨੂੰ ਬਲਾਇੰਡ ਫੇਥ ਕਿਹਾ ਜਾਂਦਾ ਹੈ। ਇੰਨੇ ਦੇਵੀ - ਦੇਵਤੇ ਰਾਜ ਕਰਕੇ ਗਏ ਹਨ ਤਾਂ ਜਰੂਰ ਉਹ ਸਮਝਦਾਰ ਸਨ ਤਾਂ ਤੇ ਪੂਜੀਏ ਬਣੇ। ਹੁਣ ਤੁਸੀਂ ਬ੍ਰਹਮਾ ਮੁੱਖਵੰਸ਼ਾਵਲੀ ਇਹ ਸੁਣਕੇ ਸਮਝਦਾਰ ਬਣਦੇ ਹੋ। ਬਾਕੀ ਤਾਂ ਸਾਰੀ ਦੁਨੀਆ ਨੂੰ ਰਾਵਣ ਨੇ ਜੇਲ੍ਹ ਵਿਚ ਪਾ ਰੱਖਿਆ ਹੈ। ਇਹ ਹੈ ਰਾਵਣ ਦਾ ਜੇਲ ਜਿਸ ਵਿਚ ਸਭ ਸ਼ੋਕ ਵਾਟਿਕਾ ਵਿੱਚ ਪਏ ਹਨ। ਕਾਨਫਰੰਸ ਕਰਦੇ ਰਹਿੰਦੇ ਹਨ ਕਿ ਸ਼ਾਂਤੀ ਕਿਵੇਂ ਹੋਵੇ? ਤਾਂ ਜਰੂਰ ਅਸ਼ਾਂਤੀ ਦੁੱਖ ਹੈ, ਗੋਇਆ ਸਾਰੇ ਸ਼ੋਕ ਵਾਟਿਕਾ ਵਿੱਚ ਬੈਠੇ ਹਨ। ਹੁਣ ਸ਼ੋਕ ਵਾਟਿਕਾ ਤੋਂ ਅਸ਼ੋਕ ਵਾਟਿਕਾ ਵਿੱਚ ਕੋਈ ਫ੍ਰੀ ਨਾਲ

ਨਹੀਂ ਜਾਂਦਾ ਹੈ। ਇਸ ਸਮੇਂ ਕੋਈ ਵੀ ਸ਼ਾਂਤੀ ਜਾਂ ਸੁਖ ਦੀ ਵਾਟਿਕਾ ਵਿੱਚ ਨਹੀਂ ਹਨ। ਅਸ਼ੋਕ ਵਾਟਿਕਾ ਕਹਾਂਗੇ ਸਤਿਯੁਗ ਨੂੰ, ਇਹ ਤਾਂ

ਸੰਗਮਯੁਗ ਹੈ, ਤੁਹਾਨੂੰ ਕੋਈ ਸੰਪੂਰਨ ਪਵਿਤ੍ਰ ਕਹਿ ਨਹੀਂ ਸਕਦਾ। ਹਿਜ਼ ਹੋਲੀਨੇਸ ਕੋਈ ਬੀ.ਕੇ. ਆਪਣੇ ਨੂੰ ਕਹਿਲਾ ਨਹੀਂ ਸਕਦੇ ਜਾਂ ਲਿਖਵਾ ਨਹੀਂ ਸਕਦੇ। ਹਿਜ਼ ਹੋਲੀਨੇਸ ਜਾਂ ਹਰ ਹੋਲੀਨੇਸ ਸਤਿਯੁਗ ਵਿੱਚ ਹੁੰਦੇ ਹਨ। ਕਲਯੁੱਗ ਵਿਚ ਕਿੱਥੋਂ ਆਉਣ! ਭਾਵੇਂ ਆਤਮਾ ਇੱਥੇ ਪਵਿਤ੍ਰ ਬਣਦੀ ਹੈ ਪ੍ਰੰਤੂ ਸ਼ਰੀਰ ਵੀ ਤੇ ਪਵਿਤ੍ਰ ਚਾਹੀਦਾ ਹੈ ਤਾਂ ਹਿਜ਼ ਹੋਲੀਨੇਸ ਕਹਿ ਸਕਦੇ ਹਾਂ, ਇਸਲਈ ਵਡਿਆਈ ਲੈਣੀ ਨਹੀਂ ਚਾਹੀਦੀ। ਹੁਣ ਤੁਸੀਂ ਪੁਰਸ਼ਾਰਥੀ ਹੋ। ਬਾਪ ਕਹਿੰਦੇ ਹਨ ਸ਼੍ਰੀ ਸ਼੍ਰੀ ਜਾਂ ਹਿਜ਼ ਹੋਲੀਨੇਸ ਸੰਨਿਆਸੀਆਂ ਨੂੰ ਵੀ ਕਹਿ ਨਹੀਂ ਸਕਦੇ। ਭਾਵੇਂ ਆਤਮਾ ਪਵਿਤ੍ਰ ਬਣਦੀ ਹੈ ਪਰ ਸ਼ਰੀਰ ਪਵਿਤ੍ਰ ਕਿੱਥੇ ਹੈ? ਤਾਂ ਅਧੂਰੇ ਹੋਏ ਨਾ। ਇਸ ਪਤਿਤ ਦੁਨੀਆ ਵਿਚ ਹਿਜ਼ ਜਾਂ ਹਰ ਹੋਲੀਨੇਸ ਕੋਈ ਹੋ ਨਹੀਂ ਸਕਦਾ। ਉਹ ਸਮਝਦੇ ਹਨ ਆਤਮਾ ਪਰਮਾਤਮਾ ਸਦਾ ਸ਼ੁੱਧ ਹੈ ਪ੍ਰੰਤੂ ਸ਼ਰੀਰ ਵੀ ਸ਼ੁੱਧ ਚਾਹੀਦਾ ਹੈ। ਹਾਂ, ਲਕਸ਼ਮੀ - ਨਾਰਾਇਣ ਨੂੰ ਕਹਿ ਸਕਦੇ ਹਾਂ ਕਿਉਂਕਿ ਉੱਥੇ ਸ਼ਰੀਰ ਵੀ ਸਤੋਪ੍ਰਧਾਨ ਤੱਤਵਾਂ ਨਾਲ ਬਣਦੇ ਹਨ। ਇੱਥੇ ਤੱਤਵ ਵੀ ਤਮੋਪ੍ਰਧਾਨ ਹਨ। ਇਸ ਵੇਲੇ ਕਿਸੇ ਨੂੰ ਵੀ ਸਪੂਰਨ ਪਾਵਨ ਨਹੀਂ ਕਹਾਂਗੇ। ਅਜਿਹੇ ਪਵਿਤ੍ਰ ਤਾਂ ਛੋਟੇ ਬੱਚੇ ਵੀ ਹੁੰਦੇ ਹਨ। ਦੇਵਤੇ ਸੰਪੂਰਨ ਨਿਰਵਿਕਾਰੀ ਸਨ।

ਤਾਂ ਬਾਪ ਬੈਠ ਸਮਝਾਉਂਦੇ ਹਨ ਤੁਸੀਂ ਕਿੰਨੇ ਸਮਝਦਾਰ ਬਣ ਰਹੇ ਹੋ। ਤੁਹਾਨੂੰ ਚਕ੍ਰ ਦਾ ਵੀ ਪੂਰਾ - ਪੂਰਾ ਗਿਆਨ ਹੈ। ਪਰਮਪਿਤਾ ਪਰਮਾਤਮਾ ਜੋ ਇਸ ਚੇਤੰਨ ਝਾੜ ਦਾ ਬੀਜ ਹੈ, ਉਨ੍ਹਾਂਨੂੰ ਸਾਰੇ ਝਾੜ ਦੀ ਨਾਲੇਜ ਹੈ, ਉਹ ਹੀ ਤੁਹਾਨੂੰ ਨਾਲੇਜ਼ ਸੁਣਾ ਰਹੇ ਹਨ। ਇਸ ਸ੍ਰਿਸ਼ਟੀ ਚਕ੍ਰ ਦੇ ਗਿਆਨ ਤੇ ਤੁਸੀਂ ਕਿਸੇ ਨੂੰ ਵੀ ਪ੍ਰਭਾਵਿਤ ਕਰ ਸਕਦੇ ਹੋ। ਸਮਝਾਉਣਾ ਚਾਹੀਦਾ ਹੈ - ਤੁਸੀਂ ਪਰਮਧਾਮ ਤੋਂ ਆਕੇ ਇੱਥੇ ਚੋਲਾ ਧਾਰਨ ਕਰ ਐਕਟ ਕਰ ਰਹੇ ਹੋ। ਹੁਣ ਅੰਤ ਵਿੱਚ ਸਭ ਨੇ ਵਾਪਿਸ ਜਾਣਾ ਹੈ। ਫਿਰ ਆਕੇ ਆਪਣਾ ਪਾਰਟ ਵਜਾਉਣਾ ਹੈ। ਇੱਥੇ ਹੁਣ ਜੋ ਪੁਰਸ਼ਾਰਥ ਕਰੇਗਾ ਉਹ ਇਵੇਂ ਹੀ ਰਾਜੇ ਰਜਵਾੜੇ ਜਾਂ ਧਨਵਾਨ ਦੇ ਕੋਲ ਜਨਮ ਲਵੇਗਾ। ਸਭ ਨੰਬਰਵਾਰ ਪਦਵੀ ਪਾਉਂਦੇ ਹਨ। ਨੰਬਰਵਾਰ ਟਰਾਂਸਫਰ ਹੁੰਦੇ ਜਾਣਗੇ। ਇਹ ਵੀ ਵਿਖਾਇਆ ਹੋਇਆ ਹੈ - ਜਿੱਥੇ ਜਿੱਤ ਉੱਥੇ ਜਨਮ... ਹੁਣ ਇੰਨਾ ਗੱਲਾਂ ਨੂੰ ਉਠਾਇਆ ਨਹੀਂ ਜਾਂਦਾ ਹੈ। ਅੱਗੇ ਚੱਲਕੇ ਰੋਸ਼ਨੀ ਮਿਲਦੀ ਜਾਵੇਗੀ, ਇਨਾਂ ਤਾਂ ਹੈ ਹੁਣ ਜੋ ਸ਼ਰੀਰ ਛੱਡਦੇ ਹਨ ਉਨ੍ਹਾਂ ਨੂੰ ਜਰੂਰ ਚੰਗੇ ਘਰ ਵਿਚ ਜਨਮ ਮਿਲੇਗਾ। ਜੋ ਬੱਚੇ ਜਿਆਦਾ ਪੁਰਸ਼ਾਰਥ ਕਰਦੇ ਹਨ ਉਨ੍ਹਾਂ ਨੂੰ ਖੁਸ਼ੀ ਵੀ ਜਿਆਦਾ ਚੜਦੀ ਹੈ। ਜੋ ਸਰਵਿਸ ਵਿਚ ਤਿਆਰ ਰਹਿੰਦੇ ਹਨ ਉਨ੍ਹਾਂ ਨੂੰ ਨਸ਼ਾ ਰਹਿੰਦਾ ਹੈ। ਤੁਹਾਡੇ ਸਿਵਾਏ ਤਾਂ ਸਭ ਹਨ੍ਹੇਰੇ ਵਿਚ ਹਨ। ਗੰਗਾ ਸਨਾਨ ਆਦਿ ਕਰਨ ਨਾਲ ਤੇ ਕਿਸੇ ਦੇ ਪਾਪ ਨਹੀਂ ਧੁਲ ਸਕਦੇ ਹਨ। ਯੋਗ ਅਗਨੀ ਨਾਲ ਹੀ ਪਾਪ ਭਸਮ ਹੁੰਦੇ ਹਨ। ਇਸ ਰਾਵਣ ਦੀ ਜੇਲ੍ਹ ਤੋਂ ਛੁਡਾਉਣ ਵਾਲਾ ਇੱਕ ਬਾਪ ਹੀ ਹੈ ਤਾਂ ਤੇ ਗਾਉਂਦੇ ਹਨ ਪਤਿਤ - ਪਾਵਨ... ਪ੍ਰੰਤੂ ਆਪਣੇ ਨੂੰ ਪਾਪ ਆਤਮਾ ਸਮਝਦੇ ਨਹੀਂ ਹਨ। ਬਾਪ ਕਹਿੰਦੇ ਹਨ ਕਲਪ ਪਹਿਲੇ ਵੀ ਇਨ੍ਹਾਂ ਦਾ ਤੁਸੀਂ ਕੰਨਿਆਵਾਂ ਦੇ ਦਵਾਰਾ ਉਧਾਰ ਕਰਵਾਇਆ ਸੀ। ਗੀਤਾ ਵਿੱਚ ਵੀ ਲਿਖਿਆ ਹੋਇਆ ਹੈ ਪਰ ਕੋਈ ਸਮਝਦੇ ਨਹੀਂ ਹਨ। ਤੁਸੀਂ ਸਮਝਾ ਸਕਦੇ ਹੋ - ਇਸ ਪਤਿਤ ਦੁਨੀਆ ਵਿੱਚ ਕੋਈ ਵੀ ਪਾਵਨ ਨਹੀਂ ਹੈ। ਪ੍ਰੰਤੂ ਸਮਝਾਉਣ ਵਿੱਚ ਵੀ ਬਹੁਤ ਹਿੰਮਤ ਚਾਹੀਦੀ ਹੈ। ਤੁਸੀਂ ਜਾਣਦੇ ਹੋ ਹੁਣ ਦੁਨੀਆ ਬਦਲ ਰਹੀ ਹੈ। ਤੁਸੀਂ ਹੁਣ ਈਸ਼ਵਰ ਦੀ ਸੰਤਾਨ ਬਣੇ ਹੋ। ਇਹ ਬ੍ਰਾਹਮਣ ਕੁਲ ਹੈ ਸਭ ਤੋਂ ਉੱਚ। ਤੁਹਾਨੂੰ ਸਵਦਰਸ਼ਨ ਚਕ੍ਰ ਦਾ ਗਿਆਨ ਹੈ। ਫਿਰ ਜਦੋਂ ਵਿਸ਼ਨੂੰ ਦੇ ਕੁਲ ਵਿੱਚ ਜਾਵੋਗੇ ਤਾਂ ਤੁਹਾਨੂੰ ਇਹ ਗਿਆਨ ਨਹੀਂ ਹੋਵੇਗਾ। ਹੁਣ ਗਿਆਨ ਹੈ ਇਸਲਈ ਤੁਹਾਡਾ ਨਾਮ ਰੱਖਿਆ ਹੈ ਸਵਦਰਸ਼ਨ ਚਕ੍ਰਧਾਰੀ। ਇਨ੍ਹਾਂ ਗੁਪਤ ਗੱਲਾਂ ਨੂੰ ਤੁਹਾਡੇ ਤੋਂ ਸਿਵਾਏ ਕੋਈ ਨਹੀਂ ਜਾਣਦੇ। ਕਹਿਣ ਮਾਤਰ ਤਾਂ ਸਭ ਕਹਿ ਦਿੰਦੇ ਹਨ ਕਿ ਇਸ਼ਵਰ ਦੀ ਸਭ ਸੰਤਾਨ ਹਨ ਲੇਕਿਨ ਪ੍ਰੈਕਟਿਕਲ ਵਿੱਚ ਤੁਸੀਂ ਹੁਣ ਬਣੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਨੂੰ ਯਾਦਪਿਆਰ ਗੁੱਡਮੋਰਨਿੰਗ। ਬਾਪ ਦਾ ਫਰਜ ਹੈ ਬੱਚਿਆਂ ਨੂੰ ਯਾਦ ਕਰਨਾ ਅਤੇ ਬੱਚਿਆਂ ਦਾ ਫਰਜ ਹੈ ਬਾਪ ਨੂੰ ਯਾਦ ਕਰਨਾ। ਪ੍ਰੰਤੂ ਬੱਚੇ ਇਨਾਂ ਯਾਦ ਨਹੀਂ ਕਰਦੇ, ਜੇਕਰ ਯਾਦ ਕਰਦੇ ਹਨ ਤਾਂ ਸੋਭਾਗ। ਅੱਛਾ ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਦੀ ਨਮਸਤੇ।

ਰਾਤ੍ਰੀ ਕਲਾਸ **8-4-68**

ਇਹ ਈਸ਼ਵਰੀਏ ਮਿਸ਼ਨ ਚਲ ਰਹੀ ਹੈ। ਜੋ ਆਪਣੇ ਦੇਵੀ - ਦੇਵਤਾ ਧਰਮ ਦੇ ਹੋਣਗੇ ਉਹ ਹੀ ਆ ਜਾਣਗੇ। ਜਿਵੇਂ ਉਨ੍ਹਾਂ ਦੀ ਮਿਸ਼ਨ ਹੈ ਕਿ ਕ੍ਰਿਸ਼ਚਨ ਬਣਾਉਣ ਦੀ। ਜੋ ਕ੍ਰਿਸ਼ਚਨ ਬਣਦੇ ਹਨ ਉਨ੍ਹਾਂ ਨੂੰ ਕ੍ਰਿਸ਼ਚਨ ਡਾਈਨੇਸਟੀ ਵਿੱਚ ਸੁਖ ਮਿਲਦਾ ਹੈ। ਵੇਤਨ ਚੰਗਾ ਮਿਲਦਾ ਹੈ ਇਸਲਈ ਕ੍ਰਿਸ਼ਚਨ ਬਹੁਤ ਹੋ ਗਏ ਹਨ। ਭਾਰਤਵਾਸੀ ਇਨਾਂ ਵੇਤਨ ਆਦਿ ਨਹੀਂ ਦੇ ਸਕਦੇ। ਇੱਥੇ ਕਰਪਸ਼ਨ ਬਹੁਤ ਹੈ। ਵਿੱਚ ਦੀ ਰਿਸ਼ਵਤ ਨਾ ਲੈਣ ਤਾਂ ਨੌਕਰੀ ਤੋਂ ਹੀ ਜਵਾਬ। ਬੱਚੇ ਬਾਪ ਨੂੰ ਪੁੱਛਦੇ ਹਨ ਉਸ ਹਾਲਤ ਵਿੱਚ ਕੀ ਕਰੀਏ? ਕਹਿਣਗੇ ਯੁਕਤੀ ਨਾਲ ਕੰਮ ਲਵੋ ਫਿਰ ਸ਼ੁਭ ਕੰਮ ਵਿਚ ਲਗਾ ਦੇਣਾ।

ਇੱਥੇ ਸਭ ਬਾਪ ਨੂੰ ਪੁਕਾਰਦੇ ਹਨ ਕਿ ਆਕੇ ਸਾਨੂੰ ਪਤਿਤਾਂ ਨੂੰ ਪਾਵਨ ਬਣਾਓ, ਲਿਬਰੇਟ ਕਰੋ, ਘਰ ਲੈ ਜਾਵੋ। ਬਾਪ ਜਰੂਰ ਘਰ ਲੈ ਜਾਣਗੇ ਨਾ। ਘਰ ਜਾਣ ਦੇ ਲਈ ਹੀ ਇੰਨੀ ਭਗਤੀ ਆਦਿ ਕਰਦੇ ਹਨ। ਪਰੰਤੂ ਜਦੋਂ ਬਾਪ ਆਉਣ ਤਾਂ ਹੀ ਘਰ ਲੈ ਜਾਣ। ਭਗਵਾਨ ਹੈ ਹੀ ਇੱਕ। ਇਵੇਂ ਨਹੀਂ ਸਭ ਵਿਚ ਭਗਵਾਨ ਆਕੇ ਬੋਲਦੇ ਹਨ। ਉਨ੍ਹਾਂ ਦਾ ਆਉਣਾ ਹੀ ਸੰਗਮ ਤੇ ਹੁੰਦਾ ਹੈ। ਹੁਣ ਤੁਸੀਂ ਅਜਿਹੀਆਂ ਗੱਲਾਂ ਨਹੀਂ ਮੰਨੋਗੇ। ਪਹਿਲੇ ਮੰਨਦੇ ਸੀ। ਹੁਣ ਤੁਸੀਂ ਭਗਤੀ ਨਹੀਂ ਕਰਦੇ ਹੋ। ਤੁਸੀਂ ਕਹਿੰਦੇ ਹੋ ਅਸੀਂ ਪਹਿਲਾਂ ਪੂਜਾ ਕਰਦੇ ਸੀ। ਹੁਣ ਬਾਪ ਆਇਆ ਹੈ ਸਾਨੂੰ ਪੂਜੀਏ ਦੇਵਤਾ ਬਨਾਉਣ ਦੇ ਲਈ। ਸਿੱਖਾਂ ਨੂੰ ਵੀ ਤੁਸੀਂ ਸਮਝਾਓ। ਗਾਇਨ ਹੈ ਨਾ ਮਨੁੱਖ ਤੋਂ ਦੇਵਤਾ...। ਦੇਵਤਿਆਂ

ਦੀ ਮਹਿਮਾ ਹੈ ਨਾ। ਦੇਵਤੇ ਰਹਿੰਦੇ ਹੀ ਹਨ ਸਤਿਯੁਗ ਵਿੱਚ। ਹੁਣ ਹੈ ਕਲਯੁੱਗ। ਬਾਪ ਵੀ ਸੰਗਮਯੁੱਗ ਤੇ ਪੁਰਸ਼ੋਤਮ ਬਣਨ ਦੀ ਸਿੱਖਿਆ ਦਿੰਦੇ ਹਨ। ਦੇਵਤੇ ਹਨ ਸਭ ਤੋਂ ਉੱਤਮ, ਤਾਂ ਤੇ ਇਨਾਂ ਪੂਜਦੇ ਹਨ। ਜਿਸ ਦੀ ਪੂਜਾ ਕਰਦੇ ਹਨ ਉਹ ਜਰੂਰ ਕਦੇ ਸਨ, ਹੁਣ ਨਹੀਂ ਹਨ। ਸਮਝਦੇ ਹਨ ਇਹ ਰਾਜਧਾਨੀ ਪਾਸਟ ਹੋ ਗਈ ਹੈ। ਹੁਣ ਤੁਸੀਂ ਹੋ ਗੁਪਤ। ਕੋਈ ਜਾਣਦੇ ਥੋੜ੍ਹੀ ਨਾ ਹਨ ਕਿ ਅਸੀਂ ਵਿਸ਼ਵ ਦੇ ਮਾਲਿਕ ਬਣਨ ਵਾਲੇ ਹਾਂ। ਤੁਸੀਂ ਜਾਣਦੇ ਹੋ ਅਸੀਂ ਪੜ੍ਹਕੇ ਇਹ ਬਣਦੇ ਹਾਂ। ਤਾਂ ਪੜ੍ਹਾਈ ਤੇ ਪੂਰਾ ਅਟੈਂਸ਼ਨ ਦੇਣਾ ਹੈ। ਬਾਪ ਨੂੰ ਬਹੁਤ ਪਿਆਰ ਨਾਲ ਯਾਦ ਕਰਨਾ ਹੈ। ਬਾਬਾ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ ਤਾਂ ਕਿਉਂ ਨਹੀਂ ਯਾਦ ਕਰਾਂਗੇ। ਫਿਰ ਦੈਵੀਗੁਣ ਵੀ ਚਾਹੀਦੇ ਹਨ।

ਦੂਸਰਾ - ਰਾਤ੍ਰੀ ਕਲਾਸ 9-4-68

ਅੱਜਕਲ ਬਹੁਤ ਕਰਕੇ ਇਹ ਹੀ ਕਾਨਫਰੰਸ ਕਰਦੇ ਰਹਿੰਦੇ ਹਨ ਕਿ ਵਿਸ਼ਵ ਵਿਚ ਸ਼ਾਂਤੀ ਕਿਵੇਂ ਹੋਵੇ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਵੇਖੋ ਸਤਿਯੁਗ ਵਿੱਚ ਇੱਕ ਹੀ ਧਰਮ, ਇੱਕ ਹੀ ਰਾਜ, ਅਦਵੈਤ ਧਰਮ ਸੀ। ਦੂਜਾ ਕੋਈ ਧਰਮ ਹੀ ਨਹੀਂ ਜੋ ਤਾਲੀ ਵੱਜੇ। ਸੀ ਹੀ ਰਾਮਰਾਜ ਤਾਂ ਹੀ ਵਿਸ਼ਵ ਵਿੱਚ ਸ਼ਾਂਤੀ ਸੀ। ਤੁਸੀਂ ਚਾਉਂਦੇ ਹੋ ਵਿਸ਼ਵ ਵਿੱਚ ਸ਼ਾਂਤੀ ਹੋਵੇ। ਉਹ ਤਾਂ ਸਤਿਯੁਗ ਵਿੱਚ ਸੀ। ਪਿੱਛੋ ਅਨੇਕ ਧਰਮ ਹੋਣ ਤੇ ਅਸ਼ਾਂਤੀ ਹੋਈ ਹੈ। ਪ੍ਰੰਤੂ ਜਦੋਂ ਤੱਕ ਕੋਈ ਸਮਝੇ ਉਦੋਂ ਤੱਕ ਮੱਥਾ ਮਾਰਨਾ ਪੈਂਦਾ ਹੈ। ਅੱਗੇ ਚੱਲਕੇ ਅਖ਼ਬਾਰਾਂ ਵਿਚ ਵੀ ਪਵੇਗਾ, ਫਿਰ ਇਨ੍ਹਾਂ ਸੰਨਿਆਸੀਆਂ ਆਦਿ ਦੇ ਵੀ ਕੰਨ ਖੁੱਲ੍ਹਣਗੇ। ਇਹ ਤਾਂ ਤੁਸੀਂ ਬੱਚਿਆਂ ਦੀ ਖਾਤਰੀ ਹੈ ਕਿ ਸਾਡੀ ਰਾਜਧਾਨੀ ਸਥਾਪਨ ਹੋ ਰਹੀ ਹੈ। ਇਹ ਹੀ ਨਸ਼ਾ ਹੈ। ਮਿਊਜ਼ੀਅਮ ਦਾ ਭਭਕਾ ਵੇਖ ਬਹੁਤ ਆਉਣਗੇ। ਅੰਦਰ ਆਕੇ ਵੰਡਰ ਖਾਣਗੇ। ਨਵੇਂ - ਨਵੇਂ ਚਿੱਤਰਾਂ ਤੇ ਨਵੀਂ - ਨਵੀਂ ਸਮਝਾਉਣੀ ਸੁਣਨਗੇ।

ਇਹ ਤਾਂ ਬੱਚਿਆਂ ਨੂੰ ਪਤਾ ਹੈ ਯੋਗ ਹੈ ਮੁਕਤੀ ਜੀਵਨਮੁਕਤੀ ਦੇ ਲਈ। ਉਹ ਤੇ ਮਨੁੱਖ ਮਾਤਰ ਕੋਈ ਸਿਖਲਾ ਨਹੀਂ ਸਕਦਾ। ਇਹ ਵੀ ਲਿਖਣਾ ਹੈ ਸਿਵਾਏ ਪਰਮਪਿਤਾ ਪਰਮਾਤਮਾ ਦੇ ਕੋਈ ਵੀ ਮੁਕਤੀ ਜੀਵਨਮੁਕਤੀ ਦੇ ਲਈ ਯੋਗ ਸਿਖਲਾ ਨਹੀਂ ਸਕਦੇ। ਸਰਵ ਦਾ ਸਦਗਤੀ ਦਾਤਾ ਹੈ ਹੀ ਇੱਕ। ਇਹ ਕਲੀਅਰ ਲਿਖ ਦੇਣਾ ਚਾਹੀਦਾ ਹੈ, ਜੋ ਭਾਵੇਂ ਮਨੁੱਖ ਪੜ੍ਹਨ। ਸੰਨਿਆਸੀ ਲੋਕ ਕੀ ਸਿਖਾਉਂਦੇ ਹੋਣਗੇ। ਯੋਗ - ਯੋਗ ਜੋ ਕਰਦੇ ਹਨ, ਅਸਲ ਵਿਚ ਯੋਗ ਕੋਈ ਵੀ ਸਿਖਲਾ ਨਹੀਂ ਸਕਦੇ ਹਨ। ਮਹਿਮਾ ਹੈ ਹੀ ਇੱਕ ਦੀ। ਵਿਸ਼ਵ ਵਿਚ ਸ਼ਾਂਤੀ ਸਥਾਪਨ ਕਰਨਾ ਜਾਂ ਮੁਕਤੀ ਜੀਵਨ ਮੁਕਤੀ ਦੇਣਾ ਬਾਪ ਦਾ ਹੀ ਕੰਮ ਹੈ। ਇਵੇਂ - ਇਵੇਂ ਵਿਚਾਰ ਸਾਗਰ ਮੰਥਨ ਕਰ ਪੁਆਇੰਟਸ ਸਮਝਾਉਣੀ ਹੈ। ਇਵੇਂ ਲਿਖਣਾ ਚਾਹੀਦਾ ਹੈ ਜੋ ਮਨੁੱਖ ਨੂੰ ਠੀਕ ਜੰਚ ਜਾਵੇ। ਇਸ ਦੁਨੀਆ ਨੂੰ ਤਾਂ ਬਦਲਣਾ ਹੀ ਹੈ। ਇਹ ਹੈ ਮ੍ਰਿਤੂਲੋਕ। ਨਵੀਂ ਦੁਨੀਆ ਨੂੰ ਕਿਹਾ ਜਾਂਦਾ ਹੈ ਅਮਰਲੋਕ। ਅਮਰਲੋਕ ਵਿੱਚ ਮਨੁੱਖ ਕਿਵੇਂ ਅਮਰ ਰਹਿੰਦੇ ਹਨ, ਇਹ ਵੀ ਵੰਡਰ ਹੈ ਨਾ। ਉੱਥੇ ਉਮਰ ਵੀ ਵੱਡੀ ਰਹਿੰਦੀ ਹੈ ਅਤੇ ਸਮੇਂ ਤੇ ਸ਼ਰੀਰ ਆਪੇ ਹੀ ਬਦਲੀ ਕਰ ਦਿੰਦੇ ਹਨ, ਜਿਵੇਂ ਕਪੜਾ ਚੇਂਜ ਕੀਤਾ ਜਾਂਦਾ ਹੈ। ਇਹ ਸਭ ਸਮਝਾਉਣ ਦੀਆਂ ਗੱਲਾਂ ਹਨ। ਅੱਛਾ।

ਮਿੱਠੇ - ਮਿੱਠੇ ਬੱਚਿਆਂ ਨੂੰ ਰੂਹਾਨੀ ਬਾਪ ਵਾ ਦਾਦਾ ਦਾ ਯਾਦ ਪਿਆਰ, ਗੁੱਡਨਾਈਟ ਅਤੇ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸ੍ਰਿਸ਼ਟੀ ਚਕ੍ਰ ਦੇ ਗਿਆਨ ਨਾਲ ਖੁਦ ਵੀ ਤ੍ਰਿਕਾਲਦ੍ਰਸ਼ੀ ਅਤੇ ਸਵਦਰਸ਼ਨ ਚਕ੍ਰਧਾਰੀ ਬਣਨਾ ਹੈ ਅਤੇ ਦੂਜਿਆਂ ਨੂੰ ਵੀ ਬਨਾਉਣ ਦੀ ਸੇਵਾ ਕਰਨੀ ਹੈ।

2. ਸੰਗਮ ਤੇ ਸ਼ੋਕ ਵਾਟਿਕਾ ਤੋਂ ਨਿਕਲ ਸੁਖ ਸ਼ਾਂਤੀ ਦੀ ਵਾਟਿਕਾ ਵਿੱਚ ਚੱਲਣ ਦੇ ਲਈ ਪਵਿਤ੍ਰ ਜਰੂਰ ਬਣਨਾ ਹੈ।

ਵਰਦਾਨ:- ਗਿਆਨ ਨੂੰ ਰਮਨੀਕਤਾ ਨਾਲ ਸਿਮਰਨ ਕਰ ਅੱਗੇ ਵਧਣ ਵਾਲੇ ਸਦਾ ਹਰਸ਼ਿਤ, ਖੁਸ਼ਨਸੀਬ ਭਵ।

ਇਹ ਸਿਰਫ ਆਤਮਾ, ਪਰਮਾਤਮਾ ਦਾ ਸੁੱਕਾ ਗਿਆਨ ਨਹੀਂ ਹੈ। ਬਹੁਤ ਰਮਣੀਕ ਗਿਆਨ ਹੈ। ਸਿਰਫ ਰੋਜ਼ ਆਪਣਾ ਨਵਾਂ - ਨਵਾਂ ਟਾਈਟਲ ਯਾਦ ਰੱਖੋ - ਮੈਂ ਆਤਮਾ ਤਾਂ ਹਾਂ ਲੇਕਿਨ ਕਿਹੜੀ ਆਤਮਾ ਹਾਂ, ਕਦੇ ਆਰਟਿਸਟ ਦੀ ਆਤਮਾ ਹਾਂ, ਕਦੇ ਬਿਜ਼ਨਸਮੈਨ ਦੀ ਆਤਮਾ ਹਾਂ... ਇਵੇਂ ਰਮਣੀਕਤਾ ਨਾਲ ਅੱਗੇ ਵਧਦੇ ਰਹੋ। ਜਿਵੇਂ ਬਾਪ ਵੀ ਰਮਣੀਕ ਹਨ ਦੇਖੋ ਕਦੇ ਧੋਬੀ ਬਣ ਜਾਂਦਾ ਹੈ ਤਾਂ ਕਦੇ ਵਿਸ਼ਵ ਦਾ ਰਚਿਯਤਾ, ਕਦੇ ਆਬਡੀਏਂਟ ਸਰਵੈਂਟ... ਤਾਂ ਜਿਵੇਂ ਬਾਪ ਉਵੇਂ ਬੱਚੇ, ਇਵੇਂ ਹੀ ਇਸ ਰਮਣੀਕ ਗਿਆਨ ਦਾ ਸਿਮਰਨ ਕਰ ਹਰਸ਼ਿਤ ਰਹੋ, ਤਾਂ ਕਹਾਂਗੇ ਖੁਸ਼ਨਸੀਬ।

ਸਲੋਗਨ:- ਸੱਚੇ ਸੇਵਾਧਾਰੀ ਉਹ ਹਨ ਜਿਨ੍ਹਾਂ ਦੀ ਹਰ ਨਸ ਮਤਲਬ ਸੰਕਲਪ ਵਿੱਚ ਸੇਵਾ ਦੇ ਉਮੰਗ - ਉਤਸਾਹ ਦਾ ਖ਼ੂਨ ਭਰਿਆ ਹੋਇਆ ਹੈ।

******